# ਅੱਜ ਦਾ ਸ਼ਬਦ

## ਪੰਜਾਲ਼ੀ

ਪੰਜਾਲ਼ੀ ਖੇਤੀਬਾੜੀ ਕਰਨ ਲਈ ਵਰਤਿਆ ਜਾਣ ਵਾਲ਼ਾ ਇੱਕ ਸੰਦ ਹੈ।ਇਹ ਲੱਕੜ ਦੀ ਬਣੀ ਹੁੰਦੀ ਹੈ।ਬਲਦਾਂ ਨਾਲ਼ ਜ਼ਮੀਨ ਵਾਹੁਣ ਲਈ ਪੰਜਾਲ਼ੀ ਦੀ ਵਰਤੋਂ ਕੀਤੀ ਜਾਂਦੀ ਹੈ।ਪੰਜਾਲ਼ੀ ਹਲ਼ ,ਸੁਹਾਗਾ, ਖੂਹ, ਖਰਾਸ, ਫਲ੍ਹਾ ਆਦਿ ਜੋੜਣ ਸਮੇਂ ਬਲਦਾਂ ਦੇ ਕੰਨ੍ਹੇ ਉੱਤੇ ਪਾਇਆ ਜਾਣ ਵਾਲ਼ਾ ਲੱਕੜ ਦਾ ਢਾਂਚਾ ਹੁੰਦਾ ਹੈ।ਪੰਜਾਲੀ ਪੰਜ ਅਰਲੀਆਂ ਦਾ ਯੰਤਰ ਹੈ।



ਉਪਰੋਕਤ ਤਸਵੀਰ ਵਿੱਚ ਬਲ਼ਦਾਂ ਦੇ ਗਲ਼ ਵਿੱਚ ਪਾਏ ਲੱਕੜ ਦੇ ਢਾਂਚੇ ਨੂੰ ਪੰਜਾਲ਼ੀ ਕਿਹਾ ਜਾਂਦਾ ਹੈ।

ਸੱਤਵੀ ਜਮਾਤ ਦੀ ਪੰਜਾਬੀ ਪਾਠ-ਪੁਸਤਕ ਡਾ. ਹਰਨੇਕ ਸਿੰਘ ਕਲੇਰ ਦੁਆਰਾ ਲਿਖੇ ਪਾਠ 'ਬਲ਼ਦਾਂ ਵਾਲ਼ਾ ਪਿਅਰਾ ਸਿੰਘ' ਵਿੱਚ ਪੰਜਾਲ਼ੀ ਦਾ ਜਿਕਰ ਆਇਆ ਹੈ। ਉਹ ਲਿਖਦੇ ਹਨ "ਪਿਆਰਾ ਸਿੰਘ ਸੂਰਜ ਦੀ ਟਿੱਕੀ ਛਿਪਣ ਸਾਰ ਹੀ ਬਲ਼ਦਾਂ ਦੇ ਗਲ਼ਾਂ ਵਿੱਚੋਂ ਪੰਜਾਲ਼ੀ ਲਾਹ ਦਿੰਦਾ ਸੀ।"

# ਅੱਜ ਦਾ ਸ਼ਬਦ

ਛਮਾਸ

ਛਮਾਸ, ਫੁਲਕਾਰੀ ਦੀ ਇੱਕ ਕਿਸਮ ਹੈ। ਜਿਸ ਫੁਲਕਾਰੀ ਉੱਪਰ ਸ਼ੀਸ਼ੇ ਦੇ ਨਿੱਕੇ-ਨਿੱਕੇ ਗੋਲ਼ ਟੁਕੜੇ ਲਾ ਕੇ ਕਢਾਈ ਕੀਤੀ ਜਾਵੇ, ਉਸ ਫੁਲਕਾਰੀ ਨੂੰ ਛਮਾਸ ਕਿਹਾ ਜਾਂਦਾ ਹੈ। ਫੁਲਕਾਰੀ ਸ਼ਬਦ ਦੋ ਸ਼ਬਦਾਂ 'ਫੁੱਲ' ਅਤੇ 'ਕਾਰੀ' ਦੇ ਸੁਮੇਲ ਤੋਂ ਬਣਿਆ ਹੈ। ਇਸਦਾ ਅਰਥ ਹੈ ਫੁੱਲਾਂ ਦੀ ਕਾਰੀਗਰੀ। ਕਿਸੇ ਵੇਲ਼ੇ ਇਹ ਸ਼ਬਦ ਹਰ ਕਿਸਮ ਦੀ ਕਢਾਈ ਲਈ ਵਰਤਿਆ ਜਾਂਦਾ ਸੀ ਪਰ ਬਾਅਦ ਵਿੱਚ ਇਹ ਔਰਤਾਂ ਦੇ ਸਿਰ ਉੱਪਰ ਲੈਣ ਵਾਲ਼ੀਆਂ ਸ਼ਾਲਾਂ ਅਤੇ ਚਾਦਰਾਂ ਲਈ ਰਾਖਵਾਂ ਹੋ ਗਿਆ।



ਛਮਾਸ ਫੁਲਕਾਰੀ ਹਰਿਆਣੇ ਅਤੇ ਪੰਜਾਬ ਦੇ ਹਰਿਆਣੇ ਨਾਲ ਲੱਗਦੇ ਸਰਹੱਦੀ ਖੇਤਰ ਵਿੱਚ ਬਹੁਤ ਪ੍ਰਚੱਲਿਤ ਰਹੀ ਹੈ। ਛਮਾਸ ਤੋਂ ਇਲਾਵਾ ਬਾਗ਼ , ਸੁੱਭਰ , ਚੋਪ , ਨੀਲਕ , ਤਿਲ ਪੱਤਰਾ , ਘੁੰਗਟਬਾਗ਼ ਆਦਿ ਵੀ ਫੁਲਕਾਰੀ ਦੀਆਂ ਕਿਸਮਾਂ ਹਨ।

ਛਮਾਸ ਫੁਲਕਾਰੀ ਦਾ ਜ਼ਿਕਰ ਬਾਰ੍ਹਵੀਂ ਜਮਾਤ ਦੇ ਪਾਠਕ੍ਰਮ ਵਿੱਚ ਸ਼ਾਮਿਲ ਕਿਰਪਾਲ ਕਜ਼ਾਕ ਦੇ ਲਿਖੇ ਹੋਏ ਲੇਖ 'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਵਿੱਚ ਆਉਂਦਾ ਹੈ।

# ਅੱਜ ਦਾ ਸ਼ਬਦ

## ਝਲਾਨੀ

ਘਰਾਂ ਵਿਚ ਰੋਟੀ-ਟੁੱਕ ਪਕਾਉਣ ਲਈ ਛੱਤੀ ਹੋਈ ਥਾਂ ਨੂੰ ਝਲਾਨੀ ਕਿਹਾ ਜਾਂਦਾ ਸੀ। ਝਲਾਨੀ ਦਾ ਨਿਰਮਾਣ ਪੱਕੀਆਂ ਇੱਟਾਂ ਜਾਂ ਕੱਚੀਆਂ ਇੱਟਾਂ (ਮਿੱਟੀ ਤੋਂ ਬਣੀਆਂ) ਨਾਲ਼ ਕੀਤਾ ਜਾਂਦਾ ਸੀ। ਝਲਾਨੀ ਵਿੱਚ ਹਰ ਕਿਸਮ ਦਾ ਪਕਵਾਨ ਤਿਆਰ ਕੀਤਾ ਜਾਂਦਾ ਸੀ। ਝਲਾਨੀ ਵਿੱਚ ਮਿੱਟੀ ਦੇ ਚੁੱਲ੍ਹੇ ਜਾਂ ਚਿਮਨੀ ਵਾਲ਼ੇ ਚੁੱਲ੍ਹੇ (ਚੁੱਲ੍ਹੇ ਦੇ ਧੂੰਏ ਦੀ ਨਿਕਾਸੀ ਲਈ ਪਾਈਪ ਦਾ ਇਸਤੇਮਾਲ) ਵਰਤੋਂ ਵਿੱਚ ਲਿਆਂਦੇ ਜਾਂਦੇ ਸਨ।



ਝਲਾਨੀ ਵਿੱਚ ਅਨਾਜ , ਭਾਂਡੇ ਅਤੇ ਬਾਲਣ ਅੰਦਰ ਹੀ ਹੁੰਦੇ ਸਨ। ਬਰਤਨ ਸਾਫ਼ ਕਰਨ ਲਈ ਚੁੱਲ੍ਹੇ ਵਿਚਲੀ ਰਾਖ ਦੀ ਵਰਤੋਂ ਕੀਤੀ ਜਾਂਦੀ ਸੀ। ਸਾਰੇ ਭੋਜਨ ਵੀ ਝਲਾਨੀ ਵਿੱਚ ਹੀ ਕਰਦੇ ਸਨ।

ਸਾਡੀ ਆਧੁਨਿਕ ਰਸੋਈ (ਕਿਚਨ) ਝਲਾਨੀ ਦਾ ਹੀ ਸੁਧਰਿਆ ਹੋਇਆ ਰੂਪ ਹੈ। ਪੰਜਾਬ ਦੇ ਰਾਜਸਥਾਨ ਨਾਲ਼ ਲੱਗਦੇ ਕੁੱਝ ਪਿੰਡਾਂ ਵਿੱਚ ਅੱਜ ਵੀ ਇਹ ਪੁਰਾਣੀਆਂ ਝਲਾਨੀਆਂ ਦੇਖਣ ਨੂੰ ਮਿਲਦੀਆਂ ਹਨ।

ਸੱਤਵੀ ਜਮਾਤ ਦੀ ਪੰਜਾਬੀ ਪਾਠ-ਪੁਸਤਕ ਡਾ. ਹਰਨੇਕ ਸਿੰਘ ਕਲੇਰ ਦੁਅਰਾ ਲਿਖੇ ਪਾਠ 'ਬਲ਼ਦਾਂ ਵਾਲ਼ਾ ਪਿਅਰਾ ਸਿੰਘ' ਵਿੱਚ ਝਲਾਨੀ ਦਾ ਜ਼ਿਕਰ ਆਇਆ ਹੈ।